**ਜਮਾਤ -ਛੇਵੀਂ** | **ਪਾਠ-5 ਲਿਫ਼ਾਫ਼ੇ**

**ਸਾਹਿਤ ਰੂਪ-ਕਹਾਣੀ** | **ਲੇਖਕ- ਸ਼੍ਰੀ ਰਮੇਸ਼ ਭਾਰਤੀ**



**ਪ੍ਰਸ਼ਨ (ੳ) ਬੱਚੇ ਸਕੂਲ ਤੋਂ ਬਾਹਰ ਕੀ ਕਰਨ ਗਏ ਸਨ?**

ਉੱਤਰ- ਬੱਚੇ ਸਕੂਲ ਤੋਂ ਬਾਹਰ ਮੋਮਜਾਮੇ ਦੇ ਲਿਫ਼ਾਫ਼ੇ ਇਕੱਠੇ ਕਰਨ ਗਏ ਸਨ।

**ਪ੍ਰਸ਼ਨ (ਅ) ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਕਿਵੇਂ ਦੂਸ਼ਿਤ ਕਰਦੇ ਹਨ?**

ਉੱਤਰ- ਮੋਮਜਾਮੇ ਦੇ ਲਿਫ਼ਾਫ਼ੇ ਗ਼ਲਦੇ ਜਾਂ ਸੜਦੇ ਨਹੀਂ, ਇਸ ਤਰ੍ਹਾਂ ਇਹ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।

**ਪ੍ਰਸ਼ਨ (ੲ) ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਕਿਉਂ ਨਹੀਂ ਸੁੱਟਣਾ ਚਾਹੀਦਾ ?**

ਉੱਤਰ- ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਇਸ ਲਈ ਨਹੀਂ ਸੁੱਟਣਾ ਚਾਹੀਦਾ ਕਿਉਂਕਿ ਅਵਾਰਾ ਪਸ਼ੂ ਇਹਨਾਂ ਨੂੰ ਖਾ ਕੇ ਮਰ ਸਕਦੇ ਹਨ।



**ਪ੍ਰਸ਼ਨ (ਸ) ਲਿਫ਼ਾਫ਼ਿਆਂ ਦੀ ਵਰਤੋਂ ਬਾਰੇ ਸਰਕਾਰ ਕੀ ਕਰ ਰਹੀ ਹੈ ?**

ਉੱਤਰ- ਸਰਕਾਰ ਨੇ ਕਈ ਥਾਵਾਂ ਤੇ ਕਾਨੂੰਨ ਬਣਾ ਕੇ ਲਿਫ਼ਾਫ਼ਿਆਂ ਦੀ ਵਰਤੋਂ ਉੱਤੇ ਪਾਬੰਦੀ ਲਗਾ ਦਿੱਤੀ ਹੈ।

**ਪ੍ਰਸ਼ਨ (ਹ)ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕੀ ਕਿਹਾ ?**

ਉੱਤਰ- ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕਿਹਾ ਕਿ ਸ਼ਾਬਾਸ਼ ਮੁੰਡਿਓ,ਤੁਸੀਂ ਬੜੀ ਵੱਡੀ ਮੱਲ ਮਾਰੀ ਹੈ।



**ਪ੍ਰਸ਼ਨ(ਕ)ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਹੋਰ ਕਿਹੜੀ ਥਾਂ ਤੇ ਨੁਕਸਾਨ ਪਹੁੰਚਾਉਂਦੇ ਹਨ?**

ਉੱਤਰ- ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਨਾ਼ਲੀਆਂ ਵਿੱਚ ਫਸ ਕੇ ਪਾਣੀ ਦਾ ਵਹਿਣਾ ਬੰਦ ਕਰ ਦਿੰਦੇ ਹਨ ਤੇ ਗ਼ਲੀਆਂ ਨੂੰ ਵੀ ਗੰਦਾ ਕਰਦੇ ਹਨ।

**ਪ੍ਰਸ਼ਨ 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

1. ਸਕੂਲ- ਸਾਡਾ ਸਕੂਲ ਬਹੁਤ ਸੁੰਦਰ ਹੈ।
2. ਵਾਤਾਵਰਨ- ਸਭ ਨੂੰ ਵਾਤਾਵਰਨ ਦੀ ਸੰਭਾ਼ਲ ਕਰਨੀ ਚਾਹੀਦੀ ਹੈ।
3. ਮੋਮਜਾਮੇ- ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।
4. ਖ਼ਤਰਨਾਕ- ਨਸ਼ਾ ਕਰਕੇ ਵਾਹਨ ਚਲਾਉਣਾ ਖ਼ਤਰਨਾਕ ਹੈ।
5. ਬੇਚੈਨ - ਗਰਮੀ ਕਾਰਨ ਬੱਚੇ ਬਹੁਤ ਬੇਚੈਨ ਹੋ ਰਹੇ ਸਨ।
6. ਹਿੰਮਤ - ਔਖੇ ਸਮੇਂ ਹਿੰਮਤ ਤੋਂ ਕੰਮ ਲੈਣਾ ਚਾਹੀਦਾ ਹੈ।

**ਪ੍ਰਸ਼ਨ 3,4 ਅਤੇ 5 ਵਿਦਿਆਰਥੀ ਪਾਠ ਪੜ੍ਹ ਕੇ ਆਪ ਕਰਨਗੇ**

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700